# ਵਰਲਡ ਪੰਜਾਬੀ ਟਾਈਮਜ਼
## WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 14 ਮਾਰਚ 2025 ਦਿਨ ਸ਼ੁੱਕਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਕੈਨੇਡਾ: ਫਲਕ ਬੇਤਾਬ ਪਿਕਸ ਸੋਸਾਇਟੀ ਵਿਖੇ ਮਾਰਕੀਟਿੰਗ, ਸੰਚਾਰ ਅਤੇ ਫੰਡਰੇਜ਼ਿੰਗ ਦੀ ਡਾਇਰੈਕਟਰ ਬਣੀ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 14 ਮਾਰਚ : ਫਲਕ ਬੇਤਾਬ ਨੂੰ ਪਿਕਸ ਸੋਸਾਇਟੀ ਵਿਖੇ ਮਾਰਕੀਟਿੰਗ, ਸੰਚਾਰ ਅਤੇ ਫੰਡਰੇਜ਼ਿੰਗ ਦੇ ਡਾਇਰੈਕਟਰ ਦੇ ਅਹੁਦੇ 'ਤੇ ਤਰੱਕੀ ਦਿੱਤੀ ਗਈ ਹੈ। ਫਲਕ ਬੇਤਾਬ ਦੋ ਸਾਲ ਤੋਂ ਵੀ ਘੱਟ ਸਮਾਂ ਪਹਿਲਾਂ (2024 ਵਿੱਚ) ਸੰਚਾਰ ਅਤੇ ਫੰਡਰੇਜ਼ਿੰਗ ਅਫਸਰ ਵਜੋਂ ਪਿਕਸ ਵਿੱਚ ਸ਼ਾਮਲ ਹੋਈ ਸੀ ਅਤੇ ਜਲਦੀ ਹੀ ਇਸ ਸੰਸਥਾ ਲਈ ਮੁੱਖ ਪ੍ਰੇਰਕ ਸ਼ਕਤੀ ਬਣ ਗਈ ਹੈ। ਆਪਣੀਆਂ ਨਵੀਨ ਰਣਨੀਤੀਆਂ ਅਤੇ ਮਾਰਕੀਟਿੰਗ ਸੂਝ-ਬੂਝ ਰਾਹੀਂ, ਫਲਕ ਨੇ ਪਿਕਸ ਦੇ ਕਾਰਜ ਨੂੰ ਸਫਲਤਾ ਪੂਰਵਕ ਅੱਗੇ ਵਧਾਇਆ ਹੈ ਅਤੇ ਭਾਈਚਾਰੇ ਦੇ ਅੰਦਰ ਅਤੇ ਬਾਹਰ ਸਥਾਈ ਸੰਪਰਕ ਬਣਾਏ ਹਨ। ਉਸ ਦੇ ਡਿਜੀਟਲ ਮਾਰਕੀਟਿੰਗ ਹੁਨਰ ਅਤੇ ਕਹਾਣੀ ਸੁਣਾਉਣ ਦੇ ਜਨੂੰਨ ਨੇ ਉਸ ਨੂੰ ਗੈਰ-ਮੁਨਾਫ਼ਾ ਖੇਤਰ ਵਿੱਚ ਇੱਕ ਪਥ ਪ੍ਰਦਰਸ਼ਕ ਵਜੋਂ ਮਾਨਤਾ ਦਿੱਤੀ ਹੈ।

ਫਲਕ ਨੇ ਪਿਕਸ ਫੰਡਰੇਜ਼ਿੰਗ ਗਾਲਾ ਦੀ ਅਗਵਾਈ ਕੀਤੀ ਅਤੇ ਗੁਰੂ ਨਾਨਕ ਡਾਇਵਰਸਿਟੀ ਲਾਂਗ-ਟਰਮ ਕੇਅਰ ਸਹੂਲਤ ਲਈ 200,000 ਡਾਲਰ ਤੋਂ ਵੱਧ ਇਕੱਠੇ ਕੀਤੇ। ਉਸ ਨੇ ਮੈਗਾ ਜੌਬ ਫੇਅਰ ਦਾ ਨਾਮ ਵੀ ਬਦਲਿਆ, ਪਿਕਸ ਮੀਡੀਆ ਅਤੇ ਪੋਡਕਾਸਟ ਰੂਮ, ਪਿਕਸ ਸ਼ਾਪ ਲਾਂਚ ਕੀਤਾ ਅਤੇ ਹਾਲ ਹੀ ਵਿੱਚ ਪ੍ਰਭਾਵਸ਼ਾਲੀ 'ਲੋਇਲ ਕੈਨੇਡੀਅਨ' ਅੰਦੋਲਨ ਸ਼ੁਰੂ ਕੀਤਾ, ਜੋ ਰਾਸ਼ਟਰੀ ਪੱਧਰ 'ਤੇ ਪ੍ਰਸਿੱਧ ਹੋ ਰਿਹਾ ਹੈ। ਇਸ ਤੋਂ ਇਲਾਵਾ ਫਲਕ ਨਿਜੀ ਪਹਿਲਕਦਮੀ, ਸਟ੍ਰੈਂਜਰ ਸਟੋਰੀ, ਵੱਖ ਵੱਖ ਭਾਈਚਾਰਿਆਂ ਦੀ ਆਵਾਜ਼ ਬੁਲੰਦ ਕਰਨ ਲਈ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ ਅਤੇ ਸਫਲਤਾ ਦੀਆਂ ਪ੍ਰੇਰਨਾਦਾਇਕ ਕਹਾਣੀਆਂ ਨੂੰ ਪ੍ਰਦਰਸ਼ਿਤ ਕਰ ਰਹੀ ਹੈ। ਸਟ੍ਰੈਂਜਰ ਸਟੋਰੀ ਅਤੇ ਪਿਕਸ ਸੋਸਾਇਟੀ ਵਿਚਕਾਰ ਸਹਿਯੋਗ ਨੂੰ ਇੱਕ ਵੱਡੀ ਸਫਲਤਾ ਵਜੋਂ ਮਾਨਤਾ ਦਿੱਤੀ ਗਈ ਹੈ।

ਮੀਡੀਆ ਅਤੇ ਮਾਰਕੀਟਿੰਗ ਵਿੱਚ 10 ਸਾਲਾਂ ਤੋਂ ਵੱਧ ਸਮੇਂ ਦੇ ਕਰੀਅਰ ਅਤੇ ਪੰਜਾਬ ਯੂਨੀਵਰਸਿਟੀ ਤੋਂ ਮਾਸ ਕਮਿਊਨੀਕੇਸ਼ਨ ਅਤੇ ਪੱਤਰਕਾਰੀ ਵਿੱਚ ਮਾਸਟਰ ਦੀ ਡਿਗਰੀ ਦੇ ਨਾਲ, ਫਲਕ ਵਰਤਮਾਨ ਵਿੱਚ ਆਪਣੀ ਸੰਸਥਾ ਵਿੱਚ ਸਭ ਤੋਂ ਛੋਟੀ ਉਮਰ ਦੀ ਨਿਰਦੇਸ਼ਕ ਬਣ ਗਈ ਹੈ। ਉਸ ਨੇ ਬਲੈਕ ਪ੍ਰੈਸ ਮੀਡੀਆ, ਟਾਈਮਜ਼ ਆਫ਼ ਇੰਡੀਆ, ਚੰਡੀਗੜ੍ਹ (CGC) ਯੂਨੀਵਰਸਿਟੀ ਅਤੇ J&M ਸਮੂਹ ਨਾਲ ਕੰਮ ਕੀਤਾ ਹੈ। ਫਲਕ ਦੇ ਯੋਗਦਾਨ ਨੂੰ ਵੱਖ ਵੱਖ ਮੀਡੀਆ ਰਾਹੀਂ ਵੀ ਬੇਹੱਦ ਪ੍ਰਸੰਸਾ ਹਾਸਲ ਹੋਈ ਹੈ।

## ਨਾਰੀ ਦਿਵਸ ਤੇ ਰੂਹੀ ਸਿੰਘ ਦੀ ਬਿਹਤਰੀਨ ਕਾਵਿ-ਪੇਸ਼ਕਾਰੀ

ਵਰਲਡ ਪੰਜਾਬੀ ਟਾਈਮਜ਼






ਪਟਿਆਲਾ 14 ਮਾਰਚ : ਬੀਤੇ ਦਿਨੀਂ ਇੱਥੇ ਜਗਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਪਟਿਆਲਾ ਵਿਖੇ ਅੰਤਰਰਾਸ਼ਟਰੀ ਨਾਰੀ ਦਿਵਸ ਨੂੰ ਸਮਰਪਿਤ ਇੱਕ ਕਾਵਿ-ਮਹਿਫ਼ਿਲ (p o e t r y symposium) ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਪੰਜ ਨਾਰੀ ਕਵੀਆਂ (ਕਮਲਪ੍ਰੀਤ ਨਜ਼ਮ, ਕਮਲ ਬਾਜਵਾ, ਸੁਖਵਿੰਦਰ ਆਹੀ, ਰਾਜਵਿੰਦਰ ਕੌਰ ਜਟਾਣਾ ਅਤੇ ਰੂਹੀ ਸਿੰਘ) ਨੇ ਸ਼ਮੂਲੀਅਤ ਕੀਤੀ। ਇਸ ਸਮਾਗਮ ਦੇ ਮੁੱਖ ਮਹਿਮਾਨ ਥੀਏਟਰ ਅਤੇ ਫ਼ਿਲਮਾਂ ਦੀ ਪ੍ਰਸਿੱਧ ਅਦਾਕਾਰ ਡਾ ਸੁਨੀਤਾ ਧੀਰ ਸਨ। ਹੋਰਨਾਂ ਤੋਂ ਇਲਾਵਾ ਕਵੀ ਰੂਹੀ ਸਿੰਘ ਨੇ ਔਰਤ-ਮੁਖੀ ਗ਼ਜ਼ਲਾਂ ਅਤੇ ਸ਼ੇਅਰ ਸੁਣਾ ਕੇ ਸਰੋਤਿਆਂ ਦਾ ਖੂਬ ਧਿਆਨ ਖਿੱਚਿਆ, ਜਿਸ ਤੋਂ ਮੁਤਾਸਿਰ ਹੋ ਕੇ ਡਾ ਸੁਨੀਤਾ ਧੀਰ ਨੇ ਉਨ੍ਹਾਂ ਨੂੰ ਸ਼ਾਲ ਦੇ ਕੇ ਸਨਮਾਨਿਤ ਕੀਤਾ ਅਤੇ ਯੂਨੀਵਰਸਿਟੀ ਵੱਲੋਂ ਕਿਤਾਬਾਂ ਦਾ ਸੈੱਟ ਅਤੇ ਸਰਟੀਫਿਕੇਟ ਪ੍ਰਦਾਨ ਕੀਤਾ ਗਿਆ। ਇਸ ਸਮਾਗਮ ਵਿੱਚ ਯੂਨੀਵਰਸਿਟੀ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਤੋਂ ਇਲਾਵਾ ਦੂਰੋਂ ਨੇੜਿਓਂ ਸਰੋਤੇ ਵੀ ਵੱਡੀ ਗਿਣਤੀ ਵਿਚ ਸ਼ਾਮਲ ਸਨ।

## ਆਨੰਦਪੁਰ ਸਾਹਿਬ ਵਿਖੇ ਪ੍ਰਭ ਆਸਰਾ, ਕੁਰਾਲ਼ੀ ਵੱਲੋਂ ਮੁਫ਼ਤ ਮੈਡੀਕਲ ਕੈਂਪ ਦੀ ਸ਼ੁਰੂਆਤ

### 15 ਮਾਰਚ ਤੱਕ ਜਾਰੀ ਰਹਿਣੀਆਂ ਸੇਵਾਵਾਂ


ਵਰਲਡ ਪੰਜਾਬੀ ਟਾਈਮਜ਼ ਗੁਰਬਿੰਦਰ ਸਿੰਘ ਰੋਮੀ




ਕੁਰਾਲ਼ੀ, 14 ਮਾਰਚ : ਹੋਲੇ-ਮੁਹੱਲੇ ਮੌਕੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਲੱਖਾਂ ਦੀ ਗਿਣਤੀ ਵਿੱਚ ਸ਼ਰਧਾਵਾਨ ਸੰਗਤ ਦੀ ਆਮਦ ਜਾਰੀ ਹੈ। ਜਿਸ ਨੂੰ ਮੁੱਖ ਰੱਖਦਿਆਂ ਸੇਵਾ-ਭਾਵਨਾ ਰੱਖਣ ਵਾਲ਼ੇ ਸ਼ਰਧਾਲੂਆਂ ਅਤੇ ਸੰਸਥਾਵਾ ਵੱਲੋਂ ਆਪੋ-ਆਪਣੇ ਤਰੀਕੇ ਨਾਲ਼ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ। ਇਸੇ ਲੜੀ ਤਹਿਤ ਸੰਸਥਾ ਪ੍ਰਭ ਆਸਰਾ, ਪਡਿਆਲਾ (ਕੁਰਾਲ਼ੀ) ਵੱਲੋਂ ਬਾਬਾ ਗਾਜੀਦਾਸ ਕਲੱਬ, ਰੋਡਮਾਜਰਾ (ਸੰਚਾਲਕ: ਦਵਿੰਦਰ ਸਿੰਘ ਬਾਜਵਾ) ਦੇ ਸਹਿਯੋਗ ਨਾਲ਼ ਗੁਰੂ ਕਾ ਬਾਗ, ਬੁੱਢਾ ਦਲ ਛਾਉਣੀ, ਸਾਹਮਣੇ ਰੇਲਵੇ ਸਟੇਸ਼ਨ ਵਿਖੇ ਮੈਡੀਕਲ ਕੈਂਪ ਲਗਾਇਆ ਗਿਆ ਹੈ। ਸੰਸਥਾ ਮੁਖੀ ਭਾਈ ਸ਼ਮਸ਼ੇਰ ਸਿੰਘ ਅਤੇ ਬੀਬੀ ਰਜਿੰਦਰ ਕੌਰ ਨੇ ਦੱਸਿਆ ਕਿ ਕੱਲ੍ਹ 11 ਮਾਰਚ ਤੋਂ ਸ਼ੁਰੂ ਹੋਏ ਇਸ ਕੈਂਪ ਵਿੱਚ 15 ਮਾਰਚ ਤੱਕ ਡਾਕਟਰਾਂ, ਪੈਰਾ-ਮੈਡੀਕਲ ਸਟਾਫ਼, ਦਵਾਈਆਂ ਅਤੇ ਐਂਬੂਲੈਂਸਾਂ ਆਦਿ ਸੇਵਾਵਾਂ ਦਾ ਉਚੇਚਾ ਪ੍ਰਬੰਧ ਰਹੇਗਾ। ਜਿਕਰਯੋਗ ਹੈ ਕਿ ਆਪਣੀਆਂ ਮਾਨਵਤਾਵਾਦੀ ਗਤੀਵਿਧੀਆਂ ਲਈ ਪ੍ਰਸਿੱਧ ਸੰਸਥਾ ਪ੍ਰਭ ਆਸਰਾ ਵੱਲੋਂ ਸਿਹਤ ਸੇਵਾਵਾਂ ਨੂੰ ਵਿਸ਼ੇਸ਼ ਤਰਜੀਹ ਦਿੱਤੀ ਜਾਂਦੀ ਹੈ। ਜਿਸ ਦੇ ਚਲਦਿਆਂ ਸੰਸਥਾ ਵੱਲੋਂ ਪ੍ਰਮਾਤਮਾ ਦੀ ਕਿਰਪਾ ਸਦਕਾ ਬੇਸਹਾਰਾ ਨਾਗਰਿਕਾਂ ਦੇ ਪੁਨਰਵਾਸ ਸਬੰਧੀ ਸੇਵਾਵਾਂ ਦੇ ਨਾਲ਼ ਨਾਲ਼ ਸਮੇਂ ਸਮੇਂ 'ਤੇ ਐਮਰਜੈਂਸੀ ਸਮਾਜਿਕ ਹਾਲਾਤਾਂ ਦੇ ਆਧਾਰ 'ਤੇ ਸੇਵਾਵਾਂ ਨਿਭਾਈਆਂ ਜਾਂਦੀਆਂ ਹਨ।

## ਅਲਵਿਦਾ ਹਰਜੀਤ ਦੌਧਰੀਆ ਜੀ

ਵਰਲਡ ਪੰਜਾਬੀ ਟਾਈਮਜ਼ ਸੁੱਖ ਬਰਾੜ



ਸ਼ਬਦਾਂ ਦਾ ਜਾਦੂਗਰ ਤੇ ਗੜ੍ਹਕਦੀ ਆਵਾਜ਼ ਦਾ ਮਾਲਕ, ਤੁਰ ਗਿਆ ਮੇਰਾ ਯਾਰ ਅੰਕਲ ਹਰਜੀਤ ਦੌਧਰੀਆ ! ਹਰਜੀਤ ਅੰਕਲ, ਕੁਝ ਕੁ ਦਿਨ S u r r e y Memorial hospital ਚ' ਰਹਿ ਕੇ ਸਾਨੂੰ ਸਦੀਵੀ ਸਲਾਮ ਕਹਿ ਗਏ ਐ। ਉਹ 94 ਸਾਲ ਦੇ ਸਨ। ਉਹਨਾਂ ਦਾ ਜਨਮ 1931 ਦਾ ਸੀ ਤੇ ਉਹਨਾਂ ਦੇ ਹੀ ਕਥਨ ਮੁਤਾਬਿਕ, ਉਹਨਾਂ ਨੇ ਜ਼ਿੰਦਗੀ ਦੁਨੀਆਂ ਚ ਰਹਿ ਕੇ, ਖਹਿ ਕੇ, ਕਹਿ ਕੇ, ਸਹਿ ਕੇ ਤੇ ਬਹਿ ਕੇ ਜਿਉਂਈ ਐਂ।

ਇੱਕ ਜਿੰਦਾਦਿਲ, ਸਦਾ ਚੜ੍ਹਦੀਆ ਕਲਾਂ ਚ ਰਹਿਣ ਵਾਲਾ, ਚੰਗਾ ਬੁਲਾਰਾ ਤੇ ਹਾਸੇ ਵੰਡਦਾ ਇਨਸਾਨ ਅਜ ਚੁੱਪ ਹੋ ਗਿਐ !

ਮੈਂ ਆਪਣੀ ਜ਼ਿੰਦਗੀ ਚ' ਇਕਾਗਰ ਤੇ ਪਰਪੱਕ ਵਿਚਾਰਧਾਰਾ ਨਾਲ ਵਸੀਹ ਜ਼ਿੰਦਗੀ ਨੂੰ ਜਿਉਂਦਾ ਪਹਿਲਾ ਬੰਦਾ ਵੇਖਿਆ ਤੇ ਮਾਣਿਆ ਹੈ !

ਇਸ ਵਿੱਚ ਕੋਈ ਅਤਿਕਥਨੀ ਨਹੀਂ, ਕਿ ਮੈਂ 94 ਸਾਲ ਦੇ ਜੁਆਨ ਨੂੰ ਮਿਲਦਾ ਰਿਹੈਂ !

ਅਸਲ ਚ' ਅੰਕਲ ਮੇਰੇ ਪਾਪਾ ਜੀ, ਸ. ਅਜਮੇਰ ਸਿੰਘ ਬਰਾੜ ਦੇ ਗੂੜ੍ਹੇ ਮਿੱਤਰ ਸਨ। ਦੋਹਾਂ ਦੀ ਪੰਜਾਬ ਖੇਤੀਬਾੜੀ ਕਾਲਿਜ ਲੁਧਿਆਣਾ ਵੇਲੇ ਦੀ ਯਾਰੀ ਤੇ ਦੋਹਾਂ ਦਾ ਭਰਾਵਾਂ ਤੋਂ ਵੱਧ ਪਿਆਰ ਰਿਹਾ।

1991 ਚ ਮੇਰੇ ਪਾਪਾ ਜੀ ਦੀ ਬੇਵਕਤੀ ਮੌਤ ਤੋਂ ਬਾਅਦ ਮੇਰੇ ਹਰ ਦੁਖਦੇ-ਸੁੱਖਦੇ ਤੇ ਮੇਰੀ ਪਿੱਤਰ ਨਿਗਰਾਨੀ ਦਾ ਉਹਨਾਂ ਨੇ ਆਪਣਾ ਫਰਜ਼ ਸਮਝਿਆ, ਪੀੜਾਂ ਨੂੰ ਜਰਨ ਤੇ ਤਕੜੇ ਹੋ ਕੇ ਲੜਨ ਦੇ ਦਾਅ ਸਿਖਾਏ, ਜਦੋਂ ਮੇਰੇ ਨੇੜਲੇ ਭਰ-ਭਰ ਚੂੰਢੀਆਂ ਵੱਢ ਰਹੇ ਸਨ। ਪੰਜਾਬ ਵਿੱਚ, ਹਾਈ ਸਕੂਲ ਟੀਚਰ ਤੋਂ ਬਾਅਦ ਵਿੱਚ Agriculture training collage ਦੇ ਪ੍ਰਿੰਸੀਪਲ ਰਹੇ।

ਗੁਰਬਖਸ ਸਿੰਘ ਪ੍ਰੀਤ ਲੜੀ ਦੇ ਪ੍ਰੀਤ ਨਗਰ ਦੇ ਰੰਗੀਨ ਸੁਪਨੇ ਵੀ ਦੇਖੇ ਤੇ ਆਪਣੇ ਬਾਪ ਸਮੇਤ ਪ੍ਰੀਤ ਨਗਰ ਦੇ ਝੇਨੇ ਚੋਂ ਦੋ ਕੁ ਸਾਲ ਡੀਲਾ ਵੀ ਕੱਢਿਆ। ਫਿਰ 1965 ਵਿੱਚ ਇੰਗਲੈਂਡ ਆ ਵਸੇ, Ford ਕੰਪਨੀ ਵਿੱਚ ਕੰਮ ਕੀਤਾ ਪਰ ਸਾਰੀ ਉਮਰ ਕਾਰ ਨਾ ਖਰੀਦੀ ਤੇ ਨਾ ਚਲਾਈ। ਫਿਰ 1990 ਵਿੱਚ Delta, BC ਕੈਨੇਡਾ ਆ ਗਏ। ਉਹਨਾਂ ਨੇ ਕਈ ਕਿਤਾਬਾਂ ਵੀ ਲਿਖੀਆਂ, ਜੋ ਕਾਫੀ ਚਰਚਿਤ ਰਹੀਆਂ, ਉਹਦਾ ਦੀਆ ਕਿਤਾਬਾਂ ਹਨ "ਸੱਚੇ ਮਾਰਗ ਚਲਦਿਆਂ" "ਤੁੰਮਿਆਂ ਵਾਲੀ ਜਵੈਂਣ" ਉਹਨਾਂ ਨੇ ਚੋਣਵੀਂ ਕਵਿਤਾ "ਆਪਣੇ ਘਰ ਪਰਦੇਸੀ" ਛਾਪੀ। ਵਾਰਤਕ ਇੱਕ ਕਿਤਾਬ ਵਿੱਚ ਇਕੱਠੀ ਕਰ ਦਿੱਤੀ ਜੀਹਦਾ ਨਾਮ ਐਂ "ਹੇਠਲੀ ਉੱਤੇ"।

ਉਹ ਬਹੁਤ ਚਿਰ ਇੰਗਲੈਂਡ ਚੋਂ ਇੱਕ ਮਹੀਨਾਵਾਰੀ ਅਖ਼ਬਾਰ ਵੀ ਕੱਢਦੇ ਰਹੇ, ਤੇ ਬਹੁਤਿਆ ਨੇ ਉਹਨਾਂ ਦੇ ਹੱਡੀਂ ਬਾਲ ਕੇ ਤਪਾਏ ਤਵੇ ਤੇ ਰੋਟੀਆਂ ਰਾੜੀਆਂ ਤੇ ਕਈਆਂ ਨੇ ਸਾੜ ਵੀ ਲਈਆਂ।

ਲੇਖਕ ਵਰਗ ਵਿੱਚ ਉਹਨਾਂ ਦੇ ਬਹੁਤ ਨੇੜਲੇ ਤੇ ਨੀਲੇ ਯਾਰ ਵੀ ਰਹੇ, ਪਰ ਕਈਆਂ ਨੇ ਉਹਨਾਂ ਦਾ ਡੋਲੂ ਵੀ ਖੁਰਚ-ਖੁਰਚ ਕੇ ਮਾਂਜਿਆ!

ਮੈਨੂੰ ਉਹਨਾਂ ਦੀ ਸੰਗਤ ਮਾਨਣ ਦਾ ਸਬੱਬ ਛੋਟੇ ਹੁੰਦਿਆਂ ਤੋਂ ਮਿਲਦਾ ਰਿਹਾ। ਮੇਰੇ ਕੋਲ ਉਹ ਕੈਲਗਰੀ ਸਾਲ ਚ ਦੋ ਕੁ ਵਾਰੀ ਹਫਤਾ-ਹਫਤਾ ਲਾ ਜਾਂਦੇ ਸਨ। ਮੈਂ ਬਹੁਤ ਕੁਝ ਜਿੰਦਗੀ ਚ ਉਹਨਾਂ ਤੋ ਸਿੱਖਿਐ। ਮੇਰੇ ਦੋਵੇ ਬੇਟੇ ਉਹਨਾਂ ਨੂੰ ਯੰਗਮੈਨ ਬਾਬਾ ਜੀ ਕਹਿੰਦੇ ਸਨ ! ਮਨ ਉਦਾਸ ਐ ਪਰ ਉਹਨਾਂ ਦੀ ਸੋਹਣੀ ਤੇ ਸੁਹਿਰਦ ਜ਼ਿੰਦਗੀ ਜਿਉਣ ਦੀ ਤਸੱਲੀ ਵੀ !

## ਨਾਮਧਾਰੀ ਹੋਲੇ ਮਹੱਲੇ ਸਮੇਂ ਇੱਕ ਨਰੋਆ ਸਮਾਜ ਸਿਰਜਣ ਦਾ ਸੰਦੇਸ਼

### ਆਪਣੇ ਪੰਥ ਨੂੰ ਬਚਾਉਣ ਅਤੇ ਵਧਾਉਣ ਵਾਸਤੇ ਰਾਜ ਲੈਣ ਦੀ ਲੋੜ -ਠਾਕੁਰ ਦਲੀਪ ਸਿੰਘ

ਵਰਲਡ ਪੰਜਾਬੀ ਟਾਈਮਜ਼

ਠਾਕੁਰ ਦਲੀਪ ਸਿੰਘ ਦੀ ਅਗਵਾਈ ਵਿੱਚ ਨਾਮਧਾਰੀ ਪੰਥ ਦੇ ਮੋਢੀ ਸਤਿਗੁਰੂ ਰਾਮ ਸਿੰਘ ਦੇ ਤਪ ਸਥਾਨ 'ਤੇ ਸੰਗਤ ਵੱਲੋਂ ਇਸ ਸਾਲ ਵੀ ਹੋਲਾ ਮਹੱਲਾ ਤ੍ਰਿਵੇਣੀ ਸੰਗਮ ਦੇ ਰੂਪ ਵਿਚ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸਤਿਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਿੱਖ ਪੰਥ ਵਿਚ ਆਰੰਭ ਕੀਤੀ ਗਈ ਹੋਲੇ-ਮਹੱਲੇ ਦੀ ਪ੍ਰੰਪਰਾ, ਜੋ ਕਿ ਖਾਲਸਾਈ ਸ਼ਾਨੋ-ਸੌਕਤ ਅਤੇ ਬੀਰ-ਰੱਸ ਦਾ ਪ੍ਰਤੀਕ ਹੈ। ਜ਼ਿਕਰਯੋਗ ਹੈ ਕਿ ਇਸ ਸ਼ਾਨੋ ਸ਼ੌਕਤ ਨੂੰ ਜਾਰੀ ਰੱਖਣ ਲਈ ਅੰਗਰੇਜ਼ਾਂ ਦੇ ਸਮੇਂ ਸਤਿਗੁਰੂ ਰਾਮ ਸਿੰਘ ਨੇ ਭੁੱਲੇ ਭਟਕੇ ਸਿੱਖਾਂ ਵਿਚ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਮਰਿਆਦਾ ਨੂੰ ਪੁਨਰ ਸੁਰਜੀਤ ਕਰ, ਇਸ






ਤਿਉਹਾਰ ਨੂੰ ਭਜਨ ਬੰਦਗੀ, ਕਥਾ-ਕੀਰਤਨ ਅਤੇ ਦੇਸ਼ ਦੀ ਆਜ਼ਾਦੀ ਲਈ ਉਲੀਕੇ ਪ੍ਰੋਗਰਾਮ ਨੂੰ ਪ੍ਰਚਾਰਨ-ਪ੍ਰਸਾਰਣ ਦਾ ਸਾਧਨ ਬਣਾਇਆ। ਆਪ ਜੀ ਨੇ ਅੰਗਰੇਜ਼ਾਂ ਦੀਆਂ ਸਖ਼ਤੀਆਂ ਦੇ ਦੌਰ ਵਿੱਚ ਵੀ ਛੇ ਹੋਲੇ ਮਹੱਲੇ ਕਰਵਾਏ।

ਅੱਜ ਇਸ ਸਮਾਗਮ ਮੌਕੇ ਮੌਜੂਦਾ ਨਾਮਧਾਰੀ ਮੁਖੀ ਠਾਕੁਰ ਦਲੀਪ ਸਿੰਘ ਨੇ ਫ਼ੁਰਮਾਇਆ ਕਿ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਯੁੱਧ ਅਤੇ ਆਪਣੀ ਸੁਰੱਖਿਆ ਵਾਸਤੇ ਹੋਲੀ ਤੋਂ ਹੋਲਾ ਮਹੱਲਾ ਸ਼ੁਰੂ ਕੀਤਾ ਅਤੇ ਇਸ ਨੂੰ ਪੁਰਸ਼ਤਵ ਅਤੇ ਸ਼ਕਤੀ ਦਾ ਸੂਚਕ ਬਣਾਇਆ। ਉਨ੍ਹਾਂ ਕਿਹਾ ਕਿ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਬਚਨ ਹੈ 'ਰਾਜ ਬਿਨਾ ਨਹਿ ਧਰਮ ਚਲੇ ਹੈ' ਇਸ ਲਈ ਆਪਣੇ ਪੰਥ ਨੂੰ ਬਚਾਉਣ ਅਤੇ ਵਧਾਉਣ ਵਾਸਤੇ ਰਾਜਨੀਤੀ ਵਿਚ ਆਓ ਅਤੇ ਇਹ ਵੀ ਗੱਲ ਧਿਆਨ ਵਿੱਚ ਰੱਖੋ ਕਿ ਰਾਜਨੀਤੀ ਕਦੇ ਪਵਿੱਤਰ ਨਹੀਂ ਹੋ ਸਕਦੀ, ਫਿਰ ਵੀ ਸਿੱਖ ਪੰਥ ਪ੍ਰਫੁੱਲਿਤ ਕਰਨ ਲਈ ਜ਼ਰੂਰੀ ਹੈ। ਉਨ੍ਹਾਂ ਸਤਿਗੁਰੂ ਨਾਨਕ ਦੇਵ ਜੀ ਦੇ ਬਚਨਾਂ ਨੂੰ ਮੰਨਦੇ ਹੋਏ ਇਸਤਰੀ ਦਾ ਸਤਿਕਾਰ ਕਰਨ ਦੀ ਆਗਿਆ ਦਿੱਤੀ।

ਠਾਕੁਰ ਦਲੀਪ ਸਿੰਘ ਨੇ ਦੱਸਿਆ ਕਿ ਸਤਿਗੁਰੂ ਰਾਮ ਸਿੰਘ ਦੀ ਕਿਰਪਾ ਨਾਲ ਨਾਮਧਾਰੀਆਂ ਨੇ ਹਰ ਖੇਤਰ ਵਿੱਚ 50 ਪ੍ਰਤੀਸ਼ਤ ਇਸਤਰੀਆਂ ਦੀ ਭਾਗੀਦਾਰੀ ਬਣਾ ਦਿੱਤੀ ਹੈ ਅਤੇ ਹਰ ਮੇਲੇ ਦਾ ਮੰਚ ਸੰਚਾਲਨ ਵੀ ਇਸਤਰੀਆਂ ਕਰਦੀਆਂ ਹਨ। ਇਸ ਤੋਂ ਇਲਾਵਾ ਉਨ੍ਹਾਂ ਆਪਣੀ ਮਾਂ ਬੋਲੀ ਦੀ ਵਰਤੋਂ ਕਰਨ ਲਈ ਵੀ ਸੰਗਤ ਨੂੰ ਜਾਗਰੂਕ ਕੀਤਾ। ਉਨ੍ਹਾਂ ਕਿਹਾ ਕਿ ਸਤਿਗੁਰੂ ਨਾਨਕ ਦੇਵ ਜੀ ਨੇ ਵਿਦੇਸ਼ੀ ਭਾਸ਼ਾ ਨੂੰ ਮਲੇਛ ਭਾਸ਼ਾ ਕਿਹਾ ਹੈ। ਇਸ ਲਈ ਸਾਰੇ ਪ੍ਰਤੀ ਦਿਨ ਬੋਲ ਚਾਲ ਵਿੱਚ ਮਾਤ ਭਾਸ਼ਾ ਪੰਜਾਬੀ ਦੀ ਵਰਤੋਂ ਜ਼ਰੂਰ ਕਰੋ, ਜਿੱਥੇ ਪੰਜਾਬੀ ਦੇ ਸ਼ਬਦ ਨਾ ਹੋਣ ਉੱਥੇ ਹੋਰ ਭਾਰਤੀ ਭਾਸ਼ਾਵਾਂ ਦੇ ਸ਼ਬਦ ਵਰਤੋ ਪਰ ਵਿਦੇਸ਼ੀ ਭਾਸ਼ਾਵਾਂ ਅੰਗਰੇਜ਼ੀ, ਉਰਦੂ, ਫ਼ਾਰਸੀ ਤੋਂ ਬਚੋ।

ਇਸ ਹੋਲੇ ਮੇਲੇ ਦੇ ਸਮਾਗਮ ਵਿਚ ਕੁਝ ਖਾਸ ਅਤੇ ਨਵੇਕਲਾ ਰੂਪ ਹੀ ਵੇਖਣ ਨੂੰ ਮਿਲਿਆ, ਜਿੱਥੇ ਸੇਵਾ-ਸਿਮਰਨ, ਕਥਾ-ਕੀਰਤਨ, ਕਵੀ ਦਰਬਾਰ, ਗਤਕਾ ਪ੍ਰਦਰਸ਼ਨ ਅਤੇ ਗੁਰਬਾਣੀ ਦੇ ਪਾਠਾਂ ਦਾ ਪ੍ਰਵਾਹ ਲਗਾਤਾਰ ਦੋ ਦਿਨ ਤੱਕ ਚਲਦਾ ਰਹਿੰਦਾ ਹੈ। ਵਰਤਮਾਨ ਨਾਮਧਾਰੀ ਮੁਖੀ ਠਾਕੁਰ ਦਲੀਪ ਸਿੰਘ ਦੁਆਰਾ ਰਚਿਤ ਬਹੁਤ ਹੀ ਮਹੱਤਵਪੂਰਨ ਈ. ਪੁਸਤਕ 'ਕਹਿ ਕਬੀਰ ਮੋਹਿ ਬਿਆਹੇ ਚਲੇ ਹੈਂ' ਦਾ ਵਿਮੋਚਨ ਕੀਤਾ ਗਿਆ। ਸਮਾਗਮ ਦੌਰਾਨ ਨਾਮਧਾਰੀ ਅੰਮ੍ਰਿਤਧਾਰੀ ਲੜਕੀਆਂ ਨੇ ਹੀ ਗੁਰਬਾਣੀ ਦੇ ਪਾਠਾਂ ਦੇ ਭੋਗ ਅਤੇ ਅਨੰਦ ਕਾਰਜ ਆਦਿ ਦੀਆਂ ਰਸਮਾਂ ਨਿਭਾਈਆਂ। ਜਥੇਦਾਰਾਂ ਅਤੇ ਕਵੀਸ਼ਰਾਂ ਵੱਲੋਂ ਦੀਵਾਨ, ਕਥਾ ਕੀਰਤਨ ਦਾ ਪ੍ਰਵਾਹ ਚੱਲਿਆ ਅਤੇ ਨਾਮ ਸਿਮਰਨ ਹੋਇਆ। ਇਸ ਸਮਾਗਮ ਸਮੇਂ ਨਾਮਧਾਰੀ ਪ੍ਰਬੰਧਕ ਕਮੇਟੀ ਚੁਗਾਵਾਂ, ਨਾਮਧਾਰੀ ਪੰਥ ਦੇ ਸੂਬੇ ਸਾਹਿਬਾਨ, ਪਤਵੰਤੇ ਸੱਜਣ ਅਤੇ ਸੰਗਤ ਹਾਜਰ ਸੀ।

## ਚੌਥਾ ਦਰਜਾ ਮੁਲਾਜਮਾਂ ਨੇ ਬਰਜਿੰਦਰਾ ਕਾਲਜ ਸਾਹਮਣੇ ਡਾਇਰੈਕਟਰ ਉਚੇਰੀ ਸਿੱਖਿਆ ਪੰਜਾਬ ਦੀ ਅਰਥੀ ਫੂਕੀ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 14 ਮਾਰਚ : ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਸਬੰਧਤ 1680 ਸੈਕਟਰ 22 ਬੀ ਚੰਡੀਗੜ੍ਹ ਦੇ ਸੱਦੇ 'ਤੇ ਸਰਕਾਰੀ ਬ੍ਰਿਜਿੰਦਰਾ ਕਾਲਜ ਫਰੀਦਕੋਟ ਸਾਹਮਣੇ ਡਾਇਰੈਕਟਰ ਉਚੇਰੀ ਸਿੱਖਿਆ ਪੰਜਾਬ ਦੀ ਅਰਥੀ ਫੂਕੀ ਗਈ। ਇਸ ਐਕਸ਼ਨ ਦੀ ਅਗਵਾਈ ਦਰਜਾਚਾਰ ਮੁਲਾਜ਼ਮਾ ਦੇ ਆਗੂ ਨਛੱਤਰ ਸਿੰਘ ਭਾਣਾ, ਇਕਬਾਲ ਸਿੰਘ ਢੁਡੀ ਬਲਕਾਰ ਸਿੰਘ ਸਹੋਤਾ, ਇਕਬਾਲ ਸਿੰਘ ਰਣ ਸਿੰਘ ਵਾਲਾ, ਰਮੇਸ਼ ਢੈਪਈ ਅਤੇ ਪੈਨਸ਼ਨਰ ਆਗੂ ਅਸ਼ੋਕ ਕੌਸ਼ਲ ਵੱਲੋਂ ਕੀਤੀ, ਗਈ। ਆਪਣੇ ਸੰਬੋਧਨ ਵਿੱਚ ਮੁਲਾਜਮ ਆਗੂਆਂ ਨੇ ਦੋਸ਼ ਲਾਇਆ ਕਿ ਪੰਜਾਬ ਦੇ 64 ਸਰਕਾਰੀ ਕਾਲਜਾਂ ਵਿੱਚ ਲੰਮੇ ਸਮੇਂ ਤੋਂ ਡੀ.ਸੀ. ਰੇਟਾਂ 'ਤੇ ਕੰਮ ਕਰਦੇ ਮੁਲਾਜ਼ਮਾਂ ਨੂੰ ਰੈਗੂਲਰ ਨਹੀਂ ਕੀਤਾ ਜਾ ਰਿਹਾ, ਘੱਟੋ-ਘੱਟ ਉਜਰਤਾਂ 'ਤੇ ਬਣਦੀਆਂ ਸਹੂਲਤਾਂ ਵੀ ਨਹੀਂ ਦਿੱਤੀਆਂ ਜਾ ਰਹੀਆਂ, ਮਾਨਯੋਗ ਉੱਚ ਅਦਾਲਤਾਂ ਦੇ ਫੈਸਲੇ ਵੀ ਲਾਗੂ ਨਹੀਂ ਕੀਤੇ ਜਾ ਰਹੇ। ਕਾਲਜਾਂ ਦੇ ਮੁੱਖੀਆਂ ਵੱਲੋਂ ਮਨ-ਮਰਜੀਆਂ ਕਰਦੇ ਹੋਏ ਬਗੈਰ ਕਿਸੇ ਕਾਰਨ ਕੱਚੇ ਦਰਜਾ ਚਾਰ ਮੁਲਾਜ਼ਮਾਂ ਨੂੰ ਕੰਮਾਂ ਤੋਂ ਫਾਰਗ ਕਰਕੇ ਆਪਣੇ ਚਹੇਤੇ ਭਰਤੀ ਕੀਤੇ ਜਾ ਰਹੇ ਹਨ। ਕੱਚੇ ਮੁਲਾਜ਼ਮਾ ਦੀਆਂ ਬਰੇਕਾਂ ਪਾਕੇ ਉਹਨਾਂ ਦੀਆਂ ਤਨਖਾਹਾਂ




ਕੱਟੀਆ ਜਾਂਦੀਆਂ ਹਨ, ਚੌਥਾ ਦਰਜਾ ਕਰਮੀਆਂ ਨੂੰ ਪਰਮੋਸ਼ਨਾਂ ਨਹੀਂ ਦਿੱਤੀਆਂ ਜਾ ਰਹੀਆਂ, ਪੰਜਾਬ ਦੇ ਸਰਕਾਰੀ ਕਾਲਜਾਂ ਵਿੱਚ ਤਕਰੀਬਨ 600 ਚੌਥਾ ਦਰਜਾ ਕਰਮੀਆਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ, ਇਨ੍ਹਾਂ ਖਾਲੀ ਅਸਾਮੀਆਂ ਵਿਰੁੱਧ ਕੱਚੇ ਕਰਮੀਆਂ ਨੂੰ ਪੱਕਾ ਕਰਨ ਦੀ ਮੰਗ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਹੈ। ਕਾਲਜਾਂ ਵਿੱਚ ਵਗਾਰਾਂ ਕਰਵਾਉਣ ਤੇ ਕੁਰੱਪਸ਼ਨ ਦਾ ਬੋਲਬਾਲਾ ਹੈ। ਲੰਮੇ ਸਮੇਂ ਤੋਂ ਕਾਲਜਾਂ ਵਿੱਚ ਗਰਮ ਤੇ ਠੰਡੀਆਂ ਵਰਦੀਆਂ ਨਹੀਂ ਮਿਲ ਰਹੀਆਂ। ਪੰਜਾਬ ਵਿਚਲੇ ਕਾਲਜਾਂ ਦੇ ਚੌਥਾ ਦਰਜਾ ਕਰਮਚਾਰੀਆਂ ਕੱਚਿਆਂ ਤੇ ਪੱਕਿਆਂ ਦੀਆਂ ਮੰਗਾਂ ਤੇ ਹਾਲਾਤਾਂ ਨੂੰ ਲੈ ਕੇ ਉਚੇਰੀ ਸਿੱਖਿਆ ਮੰਤਰੀ ਸਮੇਤ ਉਚੇਰੀ ਸਿੱਖਿਆ ਸਕੱਤਰ ਪੰਜਾਬ ਸਰਕਾਰ ਤੇ ਡਾਇਰੈਕਟਰ ਉਚੇਰੀ ਸਿੱਖਿਆ ਪੰਜਾਬ ਨਾਲ ਅਨੇਕਾਂ ਮੀਟਿੰਗਾਂ ਕੀਤੀਆਂ ਗਈਆਂ ਹਨ ਪਰੰਤੂ ਪਰਨਾਲਾ ਅੱਜ ਵੀ ਉੱਥੇ ਦਾ ਉੱਥੇ ਹੀ ਹੈ। ਜਿਸ ਕਰਕੇ ਸਮੁੱਚੇ ਕਾਲਜਾਂ ਅੱਗੇ ਅਰਥੀ ਫੂਕ ਰੈਲੀਆਂ ਕੀਤੀਆਂ ਗਈਆਂ ਹਨ। ਮੰਗ ਕੀਤੀ ਗਈ ਕਿ ਵੱਖ-ਵੱਖ ਵਿਭਾਗ ਵਿੱਚ ਕੰਮ ਕਰ ਰਹੇ ਵਰਕਚਾਰਜ, ਟੈਂਪਰੇਰੀ, ਦਿਹਾੜੀਦਾਰ, ਐਡਹਾਕ, ਕੰਟਰੈਕਟ ਅਤੇ ਆਊਟ ਸੋਰਸ ਕਰਮੀਆਂ ਦੀਆਂ ਸੇਵਾਵਾਂ ਰੈਗੂਲਰ ਕੀਤੀਆਂ ਜਾਣ ਅਤੇ ਘੱਟੋ-ਘੱਟ ਉਜਰਤਾਂ 26000 ਰੁਪਏ ਨਿਸ਼ਚਿਤ ਕਰਨ ਦੀ ਮੰਗ ਵੀ ਕੀਤੀ ਗਈ। ਮਿਤੀ 25 ਮਾਰਚ ਨੂੰ ਕਿਰਤ ਕਮਿਸ਼ਨਰ ਦਫਤਰ ਮੋਹਾਲੀ ਵਿਖੇ ਪੰਜਾਬ (ਏਟਕ) ਵੱਲੋਂ ਕੀਤੀ ਜਾ ਰਹੀ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣ ਦਾ ਫੈਸਲਾ ਕੀਤਾ ਗਿਆ। ਅੱਜ ਦੇ ਇਸ ਐਕਸ਼ਨ ਪ੍ਰੋਗਰਾਮ ਵਿੱਚ ਹੋਰਨਾਂ ਤੋਂ ਇਲਾਵਾ ਮੁਲਾਜ਼ਮ ਆਗੂ ਹਰਪਾਲ ਸਿੰਘ ਮਚਾਕੀ, ਹਰਜਿੰਦਰ ਸਿੰਘ ਧਾਲੀਵਾਲ, ਇੰਦਰਜੀਤ ਸਿੰਘ ਗਿੱਲ, ਕਿਸਾਨ ਆਗੂ ਸੁਖਜਿੰਦਰ ਸਿੰਘ ਤੂੰਬੜਭੰਨ, ਬਲਾਕ ਪ੍ਰਧਾਨ ਰੇਸ਼ਮ ਸਿੰਘ, ਗੁਰਪ੍ਰੀਤ ਸਿੰਘ ਸਿਧੂ, ਪਰਮਜੀਤ ਸਿੰਘ ਪੰਮਾ, ਸਿਕੰਦਰ ਸਿੰਘ, ਨੌਜਵਾਨ ਸਭਾ ਦੇ ਆਗੂ ਚਰਨਜੀਤ ਸਿੰਘ ਚਮੇਲੀ, ਸਟੂਡੈਂਟ ਆਗੂ ਹਰਵੀਰ ਕੌਰ, ਸੁਖਜਿੰਦਰ ਕੌਰ, ਸਰੋਜ ਕੌਰ, ਚਰਨਜੀਤ ਕੌਰ, ਅੰਗਰੇਜ਼ ਬਾਲਾ ਆਦਿ ਸ਼ਾਮਲ ਸਨ।

ਵਰਲਡ ਪੰਜਾਬੀ ਟਾਈਮਜ਼ 14 ਮਾਰਚ 2025 ਦਿਨ ਸ਼ੁੱਕਰਵਾਰ

## ਹੋਲੀ



ਇੱਥੇ ਪਲ, ਪਲ ਰੰਗ ਬਦਲਦੀ ਰਹਿੰਦੀ ਦੁਨੀਆ,
ਕਮਲੀ-ਏ, ਤੂੰ, ਪੁੱਛਦੀ ਏ.....ਕਿ ਹੋਲੀ ਕਦੋ ਆ ?
ਗਿਰਗਟਾਂ ਵਾਂਗੂ ਰੰਗ ਬਦਲਦੇ ਰਹਿਣ,ਲੋਕ-ਯਾਰ
ਹੁਣ, ਤੂੰ ਹੀ ਦੱਸਦੇ ਹੋਲੀ ਖੇਡਣੀ ਕਿਹੜੇ ਰੰਗਾਂ ਨਾਲ

ਭਾਵੇਂ, ਲੱਖ ਆਇਆ, ਸ਼ਗਨਾਂ ਭਰਿਆ, ਤਿਉਹਾਰ
ਤੈਨੂੰ, ਰੰਗ ਲਗਾਉਣ ਨੂੰ—ਬੈਠੇ ਹੋਏ, ਕਈ ਤਿਆਰ
ਰੰਗਾਂ ,ਚ ਤੂੰ ਉਲਝ ਨਾ ਜਾਈਂ, ਹੋ ਜਾਓ ਬੁਰਾ ਹਾਲ
ਹੁਣ, ਤੂੰ ਹੀ ਦੱਸ, ਹੋਲੀ—ਖੇਡਣੀ ਤੈ, ਕਿਹਦੇ ਨਾਲ

ਤੂੰ, ਕਈ, ਦਿਨਾਂ ਤੋ, ਹੋਲੀ ਹੋਲੀ ਕਰਦੀ ਆਉਂਦੀ ਏ
ਆਪਣੇ, ਹਾਣੀਆਂ ਨੂੰ—ਰੰਗ, ਲਗਾਉਣੇ ਚਾਹੁੰਦੀ ਏ
ਰੱਖ ਦਿਲ ਨੂੰ ਸੰਭਾਲ਼,ਧੋਖੇ ਹੋਏ ਇੱਥੇ ਕਈਆਂ ਨਾਲ

ਜਦੋ ਰੰਗ—ਪਾਣੀ ਦਾ ਆਪਸ ਵਿੱਚ ਮੇਲ ਹੋ ਗਿਆ
ਇੱਕ-ਦੂਜੇ ਦੇ ਨਾਲ, ਸਮਝੋ ਫਿਰ ਇਸ਼ਕ ਹੋ ਗਿਆ
ਇਹਦੇ ਰੰਗਾਂ ਦੇ ਵਿੱਚ—-ਜਦ ਤੂੰ—ਰੰਗ ਹੋ ਗਿਆ
ਬਾਕੀ ਤੂੰ ਸਮਝਦਾਰ, ਇਹਨੂੰ ਹੀ, ਹੋਲੀ ਕਹਿੰਦੇ ਆ

ਜਦੋ- ਰਿਸ਼ਤਿਆਂ ਦੀ ਆਪਸੀ ਰੰਗੀਨੀ ਮੁੱਕ ਜਾਂਦੀ
ਫਿਰ ਅਸੀ—ਰੰਗਾਂ ਦੇ ਵਿੱਚ, ਕਸੂਰ ਕੱਢ ਦਿੰਦੇ ਆ
ਜੇ ਤੁਸੀ ਕਿਸੇ ਨੂੰ ਰੰਗਣਾ ਰੰਗੋ ਆਪਣੇ ਰੰਗਾਂ ਨਾਲ
ਜ਼ਿੰਦਗੀ ਦੇ ਰੰਗ ਮਾਣੋ, ਸਦਾ ਆਪਣਿਆਂ ਦੇ ਨਾਲ

ਵਰਲਡ ਪੰਜਾਬੀ ਟਾਈਮਜ਼
ਦੀਪ ਰੱਤੀ

## ਰੰਗ



ਰੰਗ ਬਰੰਗੇ ਮੈਂ ਰੰਗ ਮੰਗਵਾਵਾਂ
ਤੇਰੇ ਗੋਰੇ ਮੁੱਖ ਤੇ ਰੰਗ ਮੈਂ ਲਾਵਾਂ
ਚੁੱਟਕੀ ਭੱਰ ਸੂੰਧੂਰ ਮੈਂ ਲੈਕੇ
ਆਜਾ ਤੇਰੀ ਮੈਂ ਮਾਂਗ ਸਜਾਵਾਂ
ਆ ਮੈਂ ਹੋਲ਼ੀ ਤੇਰੇ ਨਾਲ ਮਨਾਵਾਂ

ਇੱਕ ਮਿੱਕ ਹੋ ਜਾਵਾਂ ਨਾਲ ਮੈਂ ਤੇਰੇ
ਘੁੱਟ ਕਾਲਜੇ ਨਾਲ ਮੈਂ ਤੈਨੂੰ ਲਾਵਾਂ
ਚੁੱਟਕੀ ਭੱਰ ਸੂੰਧੂਰ ਮੈਂ ਲੈਕੇ
ਆਜਾ ਤੇਰੀ ਮੈਂ ਮਾਂਗ ਸਜਾਵਾਂ
ਆ ਮੈਂ ਹੋਲ਼ੀ ਤੇਰੇ ਨਾਲ ਮਨਾਵਾਂ

ਹੱਥਾਂ ਵਿੱਚ ਹੱਥ ਮੈਂ ਫੜਕੇ ਤੇਰਾ
ਪਿਆਰ ਦੀ ਮੈਂ ਪੀਂਘ ਝੁਟਾਵਾਂ
ਚੁੱਟਕੀ ਭੱਰ ਸੂੰਧੂਰ ਮੈਂ ਲੈਕੇ
ਆਜਾ ਤੇਰੀ ਮੈਂ ਮਾਂਗ ਸਜਾਵਾਂ
ਆ ਮੈਂ ਹੋਲ਼ੀ ਤੇਰੇ ਨਾਲ ਮਨਾਵਾਂ

ਸੂਟ ਜੇਹੜਾ ਤੂੰ ਪਾਵੇਂ ਅੜੀਏ
ਮੈਂ ਓਹਦੇ ਨਾਲ ਦੀ ਪੱਗ ਰੰਗਾਵਾਂ
ਚੁੱਟਕੀ ਭੱਰ ਸੂੰਧੂਰ ਮੈਂ ਲੈਕੇ
ਆਜਾ ਤੇਰੀ ਮੈਂ ਮਾਂਗ ਸਜਾਵਾਂ
ਆ ਮੈਂ ਹੋਲ਼ੀ ਤੇਰੇ ਨਾਲ ਮਨਾਵਾਂ

ਤੂੰ ਮੇਰੀ ਮੈਂ ਤੇਰਾ ਹਾਂ ਹਾਣਦੀਏ
ਸਿੱਧੂ ਨੂੰ ਇਹ ਗੱਲ ਸਮ੍ਰਝਾਵਾਂ
ਮੀਤੇ ਦੇ ਨਾਂ ਦਾ ਸੂੰਧੂਰ ਮੈਂ ਲੈਕੇ
ਆਜਾ ਤੇਰੀ ਮੈਂ ਮਾਂਗ ਸਜਾਵਾਂ
ਆ ਮੈਂ ਹੋਲ਼ੀ ਤੇਰੇ ਨਾਲ ਮਨਾਵਾਂ

ਵਰਲਡ ਪੰਜਾਬੀ ਟਾਈਮਜ਼
ਅਮਰਜੀਤ ਸਿੰਘ ਸਿੱਧੂ

## ਹੋਲੀ ਦਾ ਤਿਉਹਾਰ / ਬਾਲ ਕਵਿਤਾ




ਅੱਜ ਹੋਲੀ ਦਾ ਤਿਉਹਾਰ ਹੈ ਆਇਆ,
ਕੱਠੇ ਹੋ ਕੇ ਇਸ ਨੂੰ ਆਉ ਮਨਾਈਏ।

ਅੱਜ ਕੱਲ੍ਹ ਕੱਪੜੇ ਮਹਿੰਗੇ ਬਹੁਤ ਨੇ,
ਲਾਹ ਇਨ੍ਹਾਂ ਨੂੰ, ਪੁਰਾਣੇ ਕੱਪੜੇ ਪਾਈਏ।

ਆਉ ਕੱਠੇ ਹੋ ਕੇ ਦੁਕਾਨ ਤੇ ਚੱਲੀਏ,
ਉੱਥੋਂ ਪਿਚਕਾਰੀਆਂ ਤੇ ਰੰਗ ਲਿਆਈਏ।

ਲਾਲ, ਹਰਾ ਤੇ ਨੀਲਾ ਰੰਗ ਘੋਲ ਪਾਣੀ 'ਚ,
ਭਰ ਪਿਚਕਾਰੀਆਂ ਇੱਕ, ਦੂਜੇ ਤੇ ਪਾਈਏ।

ਜੇ ਕਰ ਕਿਸੇ ਤੇ ਰੰਗ ਜ਼ਿਆਦਾ ਪੈ ਜਾਵੇ,
ਹੱਸ,ਹੱਸ ਕੇ ਉਸ ਦਾ ਗੁੱਸਾ ਘਟਾਈਏ।

ਅਸੀਂ ਸਾਰੇ ਭਾਈ, ਭਾਈ ਹਾਂ ਮਿੱਤਰੋ,
ਸਭ ਤੱਕ ਇਹ ਸੰਦੇਸ਼ ਪਹੁੰਚਾਈਏ।

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਮਾਨ

## ਹੋਲੀ ਦੀ ਇੱਕ ਯਾਦ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਮੈਂ ਆਪਣੇ ਜੀਵਨ ਵਿੱਚ ਕਦੇ ਵੀ ਹੋਲੀ ਨਹੀਂ ਮਨਾਈ। ਸਕੂਲ ਕਾਲਜ ਦੇ ਦਿਨਾਂ ਵਿੱਚ ਵੀ ਨਹੀਂ। ਹੋਰ ਤਾਂ ਹੋਰ, ਸਾਡੇ ਘਰ ਦੇ ਕਿਸੇ ਮੈਂਬਰ ਨੇ ਕਦੇ ਵੀ ਹੋਲੀ ਨਹੀਂ ਮਨਾਈ। ਨਾ ਪਿਤਾ ਨੇ, ਨਾ ਭਰਾਵਾਂ ਨੇ, ਨਾ ਭੈਣਾਂ ਨੇ। ਅਸਲ ਵਿੱਚ ਮੈਨੂੰ ਗਿੱਲੇ ਰੰਗਾਂ ਤੋਂ ਕੋਫ਼ਤ ਹੁੰਦੀ ਹੈ। ਇੱਕ ਤਾਂ ਮੌਸਮ ਅਜੇ ਠੰਡਾ ਹੀ ਹੁੰਦਾ ਹੈ, ਦੂਜਾ ਕੈਮੀਕਲ ਰੰਗ, ਜੋ ਸਰੀਰ ਤੇ ਲੱਗਣ ਪਿੱਛੋਂ ਰੀਐਕਸ਼ਨ ਕਰ ਸਕਦੇ ਹਨ ਤੇ ਮਲ਼-ਮਲ਼ ਕੇ, ਰਗੜਨ ਨਾਲ ਵੀ ਨਹੀਂ ਲਹਿੰਦੇ।

ਅਧਿਆਪਕ ਲੱਗਣ ਤੇ ਮੇਰਾ ਵਿਦਿਆਰਥੀਆਂ ਨਾਲ ਬਹੁਤ ਲਗਾਓ ਰਿਹਾ, ਯਾਨੀ ਮੈਂ ਉਨ੍ਹਾਂ ਦਾ ਹਰਮਨ ਪਿਆਰਾ ਅਧਿਆਪਕ ਸਾਂ। ਇਹ ਘਟਨਾ 30 ਕੁ ਸਾਲ ਪੁਰਾਣੀ ਹੈ। ਕਾਲਜ ਕੈਂਪਸ ਵਿੱਚ ਹੀ ਪਰਿਵਾਰ ਸਮੇਤ ਮੇਰੀ ਰਿਹਾਇਸ਼ ਸੀ। ਕਲਾਸਾਂ ਤੋਂ ਬਾਦ ਅਕਸਰ ਵਿਦਿਆਰਥੀ ਮੇਰੇ ਨਾਲ ਗੱਲਬਾਤ ਕਰਨ ਘਰ ਆ ਜਾਂਦੇ।



ਉਦੋਂ ਹੋਲੀ ਦੀਆਂ ਤਿੰਨ ਛੁੱਟੀਆਂ ਇਕੱਠੀਆਂ ਆ ਗਈਆਂ। ਮੈਂ ਹੋਲੀ ਦੇ ਦਿਨ ਘਰੋਂ ਬਾਹਰ ਨਾ ਨਿਕਲਿਆ। ਲੋੜੀਂਦਾ ਘਰ ਦਾ ਸਮਾਨ ਇੱਕ ਦਿਨ ਪਹਿਲਾਂ ਹੀ ਬਜ਼ਾਰ ਤੋਂ ਲੈ ਆਇਆ ਸਾਂ। ਮੇਰੇ ਘਰ ਦੇ ਬਾਹਰ ਨੂੰ ਖੁੱਲ੍ਹਦੇ ਦੋ ਦਰਵਾਜ਼ੇ ਸਨ। ਇੱਕ ਦਰਵਾਜ਼ੇ ਤੇ ਜਿੰਦਰਾ ਲਾ ਕੇ ਮੈਂ ਦੂਜੇ ਰਾਹੀਂ ਅੰਦਰ ਆ ਗਿਆ ਤੇ ਅੰਦਰੋਂ ਚਿਟਕਣੀ ਲਾ ਲਈ। ਜਿਸ ਰਾਹੀਂ ਬਾਹਰ ਵਾਲੇ ਨੂੰ ਭੁਲੇਖਾ ਲੱਗ ਸਕਦਾ ਸੀ ਕਿ ਮੈਂ ਘਰ ਨਹੀਂ ਹਾਂ। ਕਿਉਂਕਿ ਮੈਨੂੰ ਖਤਰਾ ਸੀ ਕਿ ਕੋਈ ਆ ਕੇ ਰੰਗ ਨਾ ਪਾ ਜਾਵੇ।

ਤਾਂ ਵੀ ਕੁਝ ਵਿਦਿਆਰਥੀ ਰੰਗ ਲੈ ਕੇ ਮੇਰੇ ਘਰ ਆ ਗਏ। ਉਨ੍ਹਾਂ ਨੇ ਘਰ ਦੀ ਘੰਟੀ ਵਜਾਈ। ਪਰ ਮੈਂ ਸੁਚੇਤ ਸਾਂ ਤੇ ਪਤਨੀ ਅਤੇ ਬੇਟੀ ਨੂੰ ਚੁੱਪ ਰਹਿਣ ਦਾ ਇਸ਼ਾਰਾ ਕਰਕੇ ਖਿੜਕੀ ਦੇ ਪਰਦੇ ਨੂੰ ਜ਼ਰਾ ਕੁ ਸਰਕਾ ਕੇ ਬਾਹਰ ਵੇਖਿਆ ਤਾਂ ਰੰਗੇ ਹੋਏ ਚਿਹਰਿਆਂ ਵਾਲੇ ਤਿੰਨ-ਚਾਰ ਵਿਦਿਆਰਥੀ ਦਿੱਸੇ। ਘੰਟੀ ਵਜਾਉਣ ਤੋਂ ਬਾਦ ਵੀ ਉਹ ਖੜ੍ਹੇ ਰਹੇ ਤੇ ਫੇਰ 'ਸਰ ਜੀ, ਸਰ ਜੀ' ਕਹਿ ਕੇ ਅਵਾਜ਼ਾਂ ਮਾਰਨ ਲੱਗ ਪਏ। ਸ਼ਾਇਦ ਉਨ੍ਹਾਂ ਨੂੰ ਅਨੁਭਵ ਹੋ ਗਿਆ ਸੀ ਕਿ ਮੈਂ ਘਰ ਦੇ ਅੰਦਰ ਹੀ ਹਾਂ। ਕਿਉਂਕਿ ਮੇਰੀ ਕਾਰ ਅਤੇ ਸਕੂਟਰ ਬਾਹਰ ਖੜ੍ਹੇ ਸਨ। ਇਸਤੋਂ ਇਲਾਵਾ ਉਨ੍ਹਾਂ ਨੇ ਹੋਲੀ ਦੀਆਂ ਛੁੱਟੀਆਂ ਤੋਂ ਪਹਿਲਾਂ ਕਾਲਜ ਵਿੱਚ ਹੀ ਗੱਲਾਂ-ਗੱਲਾਂ ਵਿੱਚ ਮੈਥੋਂ ਜਾਣਕਾਰੀ ਲੈ ਲਈ ਸੀ ਕਿ ਹੋਲੀ ਦੀਆਂ ਛੁੱਟੀਆਂ ਵਿੱਚ ਮੈਂ ਕਿਤੇ ਜਾਣਾ ਤਾਂ ਨਹੀਂ! ਉਦੋਂ ਮੈਨੂੰ ਪਤਾ ਨਹੀਂ ਸੀ ਕਿ ਉਹ ਕਿਉਂ ਪੁੱਛ ਰਹੇ ਹਨ। ਖ਼ੈਰ... ਜਦੋਂ ਮੈਂ ਅੰਦਰੋਂ ਕੋਈ ਜਵਾਬ ਨਾ ਦਿੱਤਾ ਤਾਂ ਉਹ ਨਿਰਾਸ਼ਾ ਅਤੇ ਗੁੱਸੇ ਨਾਲ ਘੋਲ਼ੇ ਹੋਏ ਰੰਗ ਮੇਰੇ ਦਰਵਾਜ਼ੇ ਤੇ ਡੋਲ੍ਹ ਕੇ ਚਲਦੇ ਬਣੇ। ਮੈਂ ਸੁਖ ਦਾ ਸਾਹ ਲਿਆ। ਅੱਜਕੱਲ੍ਹ ਹੁਣ ਵਡੇਰੀ ਉਮਰ ਵਿੱਚ ਕੋਈ ਮੇਰੇ ਤੇ ਉਂਜ ਹੀ ਰੰਗ ਨਹੀਂ ਪਾਉਂਦਾ।

## ਸੇਵ ਵਾਟਰ ਦੀ ਮੁਹਿੰਮ ਅਤੇ ਗੱਬਰ ਦੀ ਹੋਲੀ

ਵਰਲਡ ਪੰਜਾਬੀ ਟਾਈਮਜ਼
ਵਿਨੋਦ ਕੁਮਾਰ ਵਿੱਕੀ

'ਓਏ ਸਾਂਭਾ, ਕਿੰਨੇ ਆਦਮੀ ਸਨ?' ਗੱਬਰ ਨੇ ਖੈਨੀ ਨੂੰ ਹਥੇਲੀ 'ਤੇ ਰਗੜਦਿਆਂ ਪੁੱਛਿਆ।
'ਸਰਦਾਰ ਦੋ' ਸਾਰਿਆਂ ਨੇ ਇਕੱਠਿਆਂ ਜਵਾਬ ਦਿੱਤਾ।
'ਤੁਸੀਂ ਸੂਰ ਦੇ ਬੱਚਿਓ, ਮੈਂ ਰਾਮਗੜ੍ਹ ਬਾਰੇ ਨਹੀਂ, ਮਹਾਂਕੁੰਭ ਬਾਰੇ ਪੁੱਛ ਰਿਹਾ ਹਾਂ।' ਗੱਬਰ ਗੁੱਸੇ ਨਾਲ ਬੋਲਿਆ।
'ਸਰਦਾਰ, ਤੁਹਾਡਾ ਇਹ ਸਵਾਲ ਸੁਣ ਕੇ ਹਰ ਕੋਈ ਕਨਫਿਊਜ਼ ਹੋ ਜਾਂਦਾ ਹੈ। ਅਸਲ ਵਿੱਚ 'ਸਰਦਾਰ ਦੋ' ਜਵਾਬ ਵਾਲੇ ਤੁਹਾਡੇ ਇਸ ਪ੍ਰਸ਼ਨ ਦਾ ਜਵਾਬ ਰਾਮਗੜ੍ਹ ਹੀ ਨਹੀਂ, ਸਗੋਂ ਪੂਰਾ ਦੇਸ਼ ਜਾਣ ਚੁੱਕਾ ਹੈ। ਇਕ ਮਿੰਟ ਜ਼ਰਾ ਗੂਗਲ 'ਤੇ ਸਰਚ ਕਰ ਲਵਾਂ।' ਲੈਪਟਾਪ ਤੇ ਸਰਚ ਕਰਦਿਆਂ ਸਾਂਭਾ ਅੱਗੇ ਬੋਲਿਆ, 'ਸਰਦਾਰ ਪੈਂਹਟ ਕਰੋੜ।'
'ਪੈਂ... ਹਟ ਕਰੋੜ!... ਮਹਾਂਜਾਮ ਅਤੇ ਰੇਲ ਪਥਰਾਅ ਦੇ ਵਿਚਕਾਰ ਸ਼ਾਹੀ ਇਸ਼ਨਾਨ ਛੇ ਅਤੇ ਨਹਾਉਣ ਵਾਲੇ ਪੈਂਹਟ ਕਰੋੜ? ਬਹੁਤ ਬੇਇਨਸਾਫ਼ੀ ਹੈ ਇਹ! ਫਿਰ ਤਾਂ ਗੁੱਜਰ ਵੀ ਆਇਆ ਹੋਵੇਗਾ!' ਗੱਬਰ ਨੇ ਹੈਰਾਨੀ ਨਾਲ ਪੁੱਛਿਆ।
'ਨਹੀਂ ਸਰਦਾਰ।' ਸਾਂਭਾ ਨੇ ਯਕੀਨ ਨਾਲ ਦੱਸਿਆ।
'ਫੇਰ ਕਾਹਦਾ ਮੇਲਾ, ਜੇ ਗੁੱਜਰ ਹੀ ਨਹੀ ਆਇਆ... ਵੈਸੇ ਹੋਲੀ ਕਦੋਂ ਦੀ ਹੈ?' ਗੱਬਰ ਨੇ ਖੈਨੀ ਨੂੰ ਬੁੱਲ੍ਹਾਂ ਵਿਚਕਾਰ ਰੱਖਦਿਆਂ ਅਗਲਾ ਸਵਾਲ ਕੀਤਾ।
ਕਾਲੀਆ (ਸਿਰ ਖੁਰਕਦੇ ਹੋਏ) 'ਇਸ ਸਾਲ ਬਹੁਤ ਕਨਫਿਊਜ਼ਨ ਹੈ, ਸਰਦਾਰ। ਕੋਈ ਕਹਿ ਰਿਹਾ ਹੈ 13 ਮਾਰਚ ਤੇ ਕੋਈ 14 ਮਾਰਚ... '
'ਇਹ ਦੋ ਦਿਨਾਂ ਦਾ ਕੀ ਡਰਾਮਾ ਹੈ ਓਏ?' ਗੱਬਰ ਨੇ ਖਿਝ ਕੇ ਪੁੱਛਿਆ।
'ਸਰਦਾਰ ਭਦਰਾ ਦਾ ਪ੍ਰਕੋਪ।' ਸਮੂਹਿਕ ਜਵਾਬ ਆਇਆ।
'ਖੈਰ ਇਹ ਦੱਸ, ਇਸ ਵਾਰ ਰਾਮਗੜ੍ਹ ਵਾਲਿਆਂ ਨੇ ਕੀ ਤਿਆਰੀ ਕੀਤੀ ਹੈ?' ਗੱਬਰ ਨੇ ਅਗਲਾ ਸੁਆਲ ਕੀਤਾ।
'ਸਰਦਾਰ, ਸਾਰਿਆਂ ਨੇ ਪੂਰੀ ਤਿਆਰੀ ਕੀਤੀ ਹੋਈ ਹੈ।'
ਪੱਥਰ 'ਤੇ ਬਹਿੰਦਿਆਂ ਗੱਬਰ ਨੇ ਪੁੱਛਿਆ – 'ਅੱਛਾ?'
ਮੋਢੇ ਤੇ ਰਾਈਫਲ ਰੱਖਦਿਆਂ ਕਾਲੀਆ ਨੇ ਕਿਹਾ- 'ਜੀ, ਕਾਫੀ ਬਿਜ਼ੀ ਸ਼ਡਿਊਲ ਹੈ ਪਿੰਡ ਵਾਲਿਆਂ ਦਾ। ਸਾਰੇ ਪਿੰਡ ਵਾਲਿਆਂ ਨੇ 5ਜੀ ਅਨਲਿਮਿਟਿਡ ਵਾਲਾ ਡਾਟਾ ਪੈਕ ਭਰਵਾ ਲਿਆ ਹੈ। ਹੋਲਿਕਾ ਦਹਨ ਤੋਂ ਲਗਾਤਾਰ ਦੋ ਦਿਨਾਂ ਤੱਕ ਸੋਸ਼ਲ ਮੀਡੀਆ 'ਤੇ ਵਧਾਈ ਅਤੇ ਸ਼ੁਭਕਾਮਨਾਵਾਂ ਸੰਦੇਸ਼ ਭੇਜਣ ਅਤੇ ਪਿਚਕਾਰੀ, ਰੰਗ, ਗੁਜੀਆ, ਪੂੜੇ-ਪਕਵਾਨਾਂ ਦੀਆਂ ਤਸਵੀਰਾਂ ਇੱਕ ਦੂਜੇ ਨੂੰ ਵਟਸਐਪ 'ਤੇ ਫਾਰਵਰਡ ਕਰਨ ਦੀ ਯੋਜਨਾ ਬਣਾਈ ਹੈ।' 'ਆਅ ਥੂਹ..., ਇਹ ਕੀ ਪਲਾਨ ਹੈ ਬਈ, ਮੋਬਾਈਲ-ਮੋਬਾਈਲ ਤੇ ਸੁੱਕੀ ਵਧਾਈ... ਅਸੀਂ ਤਾਂ ਖੂਬ ਜੰਮ ਕੇ ਰੰਗ-ਗੁਲਾਲ ਉਡਾਵਾਂਗੇ।'
'ਪਰ ਸਰਦਾਰ ਸੇਵ ਵਾਟਰ ਅਤੇ ਰੰਗ ਗੁਲਾਲ ਕਾਰਨ ਪੈਦਾ ਹੋਣ ਵਾਲੀ ਰਸਾਇਣਕ ਪ੍ਰਤੀਕਿਰਿਆ ਨੂੰ ਦੇਖਦਿਆਂ ਹੋਲੀ ਦੇ ਬਾਈਕਾਟ ਦੀ ਮੁਹਿੰਮ ਵੀ ਚਲਾਈ ਗਈ ਹੈ।' ਸਾਂਭਾ ਨੇ ਚੇਤਾਵਨੀ ਦਿੱਤੀ।
'ਹੁਣ ਠਾਕੁਰ ਨੇ ਕਿਹੜੀ ਨਵੀਂ ਚਾਲ ਚੱਲ ਦਿੱਤੀ ਹੈ?' ਗੱਬਰ ਨੇ ਸ਼ੱਕ ਨਾਲ ਪੁੱਛਿਆ।
'ਸਰਦਾਰ, ਠਾਕੁਰ ਜਾਂ ਜੈ-ਵੀਰੂ ਨੇ ਨਹੀਂ, ਬਲਕਿ ਕੁਝ ਅਖੌਤੀ ਬੁੱਧੀਜੀਵੀਆਂ ਨੇ ਹੋਲੀ ਦੇ ਸਮੇਂ ਸੇਵ ਵਾਟਰ ਦਾ ਪ੍ਰਾਪੇਗੰਡਾ ਚਲਾਇਆ ਹੋਇਆ ਹੈ।' ਸਾਂਭਾ ਨੇ ਸਥਿਤੀ ਸਪਸ਼ਟ ਕੀਤੀ।
'ਘੋਰ ਸੰਕਟ ਹੈ ਯਾਰ... ਓ ਬਈ ਹੋਲੀ ਵਿੱਚ ਘੱਟੋ-ਘੱਟ ਕੋਈ ਨਾਚ-ਗਾਣੇ ਵਾਲੀ ਦਾ ਹੀ ਪ੍ਰਬੰਧ ਕਰ ਲਓ!' ਗੱਬਰ ਨਿਰਾਸ਼ ਹੋ ਕੇ ਬੋਲਿਆ।
'ਟੈਨਸ਼ਨ ਨਾ ਲਓ ਸਰਦਾਰ, ਮੈਟਾ ਇੰਸਟਾਗ੍ਰਾਮ 'ਤੇ ਸਾਰਾ ਦਿਨ ਰੀਲਾਂ ਦੇਖਣ ਦਾ ਵਧੀਆ ਪ੍ਰਬੰਧ ਕੀਤਾ ਹੋਇਆ ਹੈ। ਹੋਲੀ ਅਤੇ ਭੋਜਪੁਰੀ ਗੀਤਾਂ 'ਤੇ ਇੱਕ ਤੋਂ ਵੱਧ ਬਸੰਤੀ ਬਿਨਾਂ ਥੱਕਿਆਂ ਠੁਮਕੇ ਲਾਉਂਦੀ ਨਜ਼ਰ ਆਵੇਗੀ।' ਇਹ ਕਹਿ ਕੇ ਸਾਂਭਾ ਨੇ ਲੈਪਟਾਪ 'ਤੇ 'ਹੈਪੀ ਹੋਲੀ' ਦਾ ਸੁਨੇਹਾ ਟਾਈਪ ਕਰਕੇ ਡਿਜੀਟਲ ਹੋਲੀ ਦੀ ਤਿਆਰੀ ਸ਼ੁਰੂ ਕਰ ਦਿੱਤੀ।

## ਚੇਤਿ ਗੋਵਿੰਦੁ ਅਰਾਧੀਐ ਹੋਵੈ ਆਨੰਦੁ ਘਣਾ।।

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਚੇਤਿ ਗੋਵਿੰਦੁ ਅਰਾਧੀਐ ਹੋਵੈ ਆਨੰਦੁ ਘਣਾ।।
ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ।।
ਕਿਰਤਿ ਕਰਮ ਕੇ ਵੀਛੜੈ ਕਰਿ ਕਿਰਪਾ ਮੇਲਹੁ ਰਾਮ।।
ਅੱਜ ਕੱਲ ਮਨੁੱਖ ਨੇ ਸਮੇਂ ਦੀ ਵੰਡ ਕੀਤੀ ਹੋਈ ਹੈ।ਬਾਰਹ ਮਾਹਾ ਵਿਚ ਪਹਿਲਾਂ ਸਮੇਂ ਦੀ ਸੂਚਨਾ ਦਿੱਤੀ ਹੈ। ਪਹਿਲਾਂ ਦਿਨ, ਦਿਨਾਂ ਤੋਂ ਬਾਅਦ ਮਹਿਨੇ , ਮਹੀਨਿਆਂ ਤੋਂ ਬਾਅਦ ਸਾਲ ਸਾਲਾਂ ਤੋਂ ਬਾਅਦ ਸਦੀਆਂ ਸਦੀਆਂ ਤੋਂ ਬਾਅਦ ਜੁਗ ਇਸ ਤਰ੍ਹਾਂ ਵੰਡ ਕੀਤੀ ਜਾਂਦੀ ਹੈ।




ਗੁਰੂ ਜੀ ਹਰ ਮਹੀਨੇ ਦਾ ਉਚਾਰਨ ਕਰਦੇ ਹਨ ਸਮੇਂ ਦੇ ਕਰਮ ਕਾਂਡ ਤੋਂ ਨਹੀਂ ਹੈ।
ਜੀਵ ਜ਼ਿੰਦਗੀ ਦਾ ਮਨੋਰਥ ਇਕ ਇਕ ਸੁਆਸ ਵੀ ਮਾਲਕ ਦੀ ਯਾਦ ਤੋਂ ਬਿਨਾਂ ਵਿਅਰਥ ਨਾ ਜਾਵੇ।
ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ।। ਮੇਰੇ ਮਾਲਕ ਕਿਰਤ ਦਾ ਅਰਥ ਹੈ ਆਪਣੇ ਕੀਤੇ ਕੰਮ। ਆਪਣੇ ਕੀਤੇ ਹੋਏ ਕੰਮਾਂ ਕਰੇ। ਅਸੀਂ ਤੇਰੇ ਚਰਨਾਂ ਤੋਂ ਵਿਛੜ ਗਏ ਹਾਂ। ਤੇਰੇ ਚਰਨਾਂ ਵਿਚ ਬੇਨਤੀ ਹੈ ਕਿ ਸਾਡੇ ਕੀਤੇ ਹੋਏ ਕਰਮਾਂ ਕਰਕੇ ਵਿਛੋੜਾ ਤਾਂ ਪੈ ਸਕਦਾ ਹੈ। ਪਰ ਕਰਮਾਂ ਕਰਕੇ ਮਿਲਾਪ ਨਹੀਂ ਹੋ ਸਕਦਾ। ਮਿਲਾਪ ਤਾਂ ਹੀ ਹੋ ਸਕਦਾ ਹੈ ਜੇਕਰ ਮੇਰੇ ਸੁਆਮੀ ਤੇਰੀ ਕ੍ਰਿਪਾ ਹੋਵੇਗੀ। ਹੇ ਮੇਰੇ ਪਰਮਾਤਮਾ ਅਸੀਂ ਆਪਣੇ ਕਰਮਾਂ ਕਰਕੇ ਵਿਛੜੇ ਹਾਂ ਤੂੰ ਕ੍ਰਿਪਾ ਕਰ ਤੇਰੀ ਕ੍ਰਿਪਾ ਨਾਲ ਹੀ ਤੇਰੇ ਚਰਨਾਂ ਵਿਚ ਜੁੜਿਆ ਜਾ ਸਕਦਾ ਹੈ।
ਉਹ ਕਿਹੜੇ ਕੰਮ ਹਨ ਜਿਨ੍ਹਾਂ ਕਰਕੇ ਅਸੀਂ ਪਰਮਾਤਮਾ ਤੋਂ ਵਿਛੜੇ ਹਾਂ। ਗੁਰੂ ਦੀ ਬਾਣੀ ਪੜ੍ਹੋ।
ਇਥੇ ਗੁਰੂ ਤੇਗਬਹਾਦਰ ਸਾਹਿਬ ਜੀ ਬਹੁਤ ਸੋਹਣਾ ਬਚਨ ਕਰਦੇ ਹਨ ਹੇ ਮੇਰੇ ਮਾਲਕ ਮੈਂ ਤੇਰੇ ਚਰਨਾਂ ਵਿਚ ਬੇਨਤੀ ਕਰਨ ਆਇਆ ਹਾਂ ਕਿ ਤੂੰ ਮੈਨੂੰ ਮਨੁੱਖ ਦੇਹੀ ਇਸ ਕਰਕੇ ਤਰੁਠ ਕੇ ਦਿੱਤੀ ਹੈ। ਮੈਂ ਸਿਮਰਨ, ਭਜਨ, ਬੰਦਗੀ ਵਿਚ ਜੁੜ ਜਾਵਾਂ। ਪਰ ਮੈਂ ਤੇਰੇ ਚਰਨਾਂ ਵਿਚ ਬੇਨਤੀ ਕਰਨ ਆਇਆ ਹਾਂ ਕਿ ਮੇਰੇ ਕਰਮ ਜੁੜਨ ਵਾਲੇ ਨਹੀਂ। ਕਰਮ ਤਾਂ ਉਹ ਕੀਤੇ ਹਨ। ਜਿਸ ਨਾਲ ਮੈਂ ਤੇਰੇ ਚਰਨਾਂ ਤੋਂ ਵਿਛੋੜਾ ਪੈ ਗਿਆ ਹੈ। ਮੈਂ ਸੋਚਦਾ ਹਾਂ ਕਿ ਮੈਂ ਕਿਹੜਾ ਉਪਾਅ ਕਰਾਂ ਜਿਸ ਨਾਲ ਮੈਂ ਤੇਰੇ ਚਰਨਾਂ ਨਾਲ ਜੁੜ ਜਾਵਾਂ।
ਮੇਰੇ ਮਾਲਕ ਤੂੰ ਮੈਨੂੰ ਜ਼ਿੰਦਗੀ ਇਸ ਕਰਕੇ ਦਿੱਤੀ ਮੈਂ ਕੋਈ ਭਲੇ ਦਾ ਕੰਮ ਕਰ ਲਵਾਂ। ਪਰ ਹੇ ਪ੍ਰਭੂ ਮੈਂ ਆਪਣੀ ਜ਼ਿੰਦਗੀ ਵਿਚ ਕੋਈ ਭਲੇ ਦਾ ਕੰਮ ਨਹੀਂ ਕੀਤਾ ਜਿਸ ਨਾਲ ਮੈਂ ਇਸ ਸਮੁੰਦਰ ਸੰਸਾਰ ਵਿਚੋਂ ਤਾਰ ਲੋ।
ਹੇ ਪ੍ਰਭੂ ਮੈਂ ਬਹੁਤ ਦੁਖੀ ਹਾਂ। ਦੁਖੀ ਇਸ ਕਰਕੇ ਹਾਂ ਤੇਰੇ ਚਰਨਾਂ ਦਾ ਵਿਛੋੜਾ ਪਿਆ ਹੈ। ਜਦੋਂ ਵਿਛੜ ਜਾਇਏ ਤਾਂ ਦੁੱਖ ਕਿਨ੍ਹਾਂ ਕੁਝ ਲਗਦਾ ਹੈ।ਇਹ ਤਾਂ ਮੈਨੂੰ ਪਤਾ ਤਾਂ ਜਦੋਂ ਮੇਰੇ ਸਰਦਾਰ ਜੀ ਛਡ ਕੇ ਤੇਰੇ ਘਰ ਚੱਲੇ ਤਾਂ ਮੈਂ ਬਹੁਤ ਰੋਈ। ਅਸੀਂ ਆਪਣੇ ਕਰਮਾਂ ਕਰਕੇ ਵਿਛੜੇ ਹਾਂ। ਨਾ ਮਨ ਕਰਕੇ ਨਾ ਹੀ ਕਰਮਾਂ ਕਰਕੇ ਤੇਰੇ ਕਦੀ ਸਿਫਿਤ ਸਾਲਾਹ ਦੇ ਗੀਤ ਗਾਏ। ਆਪਣਾ ਪੇਟ ਇਸ ਤਰ੍ਹਾਂ ਭਰਿਆ ਜਿਵੇਂ ਪਸ਼ੂ ਭਰਦਾ ਹੈ। ਜੇ ਤੂੰ ਆਪਣੇ ਬਿਰਧ ਬਾਣੇ ਦੀ ਲਾਜ ਰੱਖੇਂ ਤਾਂ ਮੈਂ ਤਰ ਸਕਾਂ ਨਹੀਂ ਤਾਂ ਨਹੀਂ।
ਤੁਸੀਂ ਤਰੁੱਟੇ ਹੋ ਮੈਨੂੰ ਆਪਣੇ ਨਾਲ ਕ੍ਰਿਪਾ ਕਰਕੇ ਮੈਨੂੰ ਆਪਣੇ ਚਰਨਾਂ ਵਿੱਚ ਜੋੜ ਲਵੋ ਜੀ।

## ਰੰਗਾਂ ਦਾ ਤਿਉਹਾਰ ਹੋਲੀ

ਵਰਲਡ ਪੰਜਾਬੀ ਟਾਈਮਜ਼
ਰਜਵਿੰਦਰ ਪਾਲ ਸ਼ਰਮਾ



ਮਨੁੱਖੀ ਜ਼ਿੰਦਗੀ ਵਿੱਚ ਰੰਗਾਂ ਦੀ ਮਹੱਤਤਾ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਕਿਸੇ ਨੂੰ ਗੂੜ੍ਹੇ ਤੇ ਕਿਸੇ ਨੂੰ ਥੋੜ੍ਹੇ ਘੱਟ ਗੂੜ੍ਹੇ ਰੰਗ ਪਸੰਦ ਹਨ। ਰੰਗਾਂ ਤੋਂ ਬਿਨਾਂ ਜੀਵਨ ਦੀ ਕਲਪਨਾ ਵੀ ਕਰਨਾ ਵਿਅਰਥ ਹੈ।ਕੁਦਰਤ ਵਿੱਚ ਵੀ ਰੰਗ ਸਮੋਏ ਹਨ।ਮੀਂਹ ਪੈਣ ਤੋਂ ਬਾਅਦ ਆਸਮਾਨ ਵਿੱਚ ਬਣੀ ਸਤਰੰਗੀ ਪੀਂਘ ਵੀ ਇਸ ਗੱਲ਼ ਦੀ ਸ਼ਾਹਦੀ ਭਰਦੀ ਹੈ ਕਿ ਕੁਦਰਤ ਵੀ ਰੰਗਾਂ ਤੋਂ ਬਿਨਾਂ ਅਧੂਰੀ ਹੈ।ਬੱਚਾ ਹੋਵੇ ਜਾਂ ਅੱਲੜ੍ਹ ਉਮਰ ਦਾ ਮੁੱਛ ਫੁੱਟ ਗੱਭਰੂ ਰੰਗਾਂ ਨਾਲ ਖੇਡਣਾ ਸਭ ਨੂੰ ਪਸੰਦ ਹੈ।ਰੰਗ ਤਾਂ ਪੰਜਾਬੀ ਸੱਭਿਆਚਾਰ ਵਿੱਚ ਘੁਲ ਮਿਲਕੇ ਪੰਜਾਬੀ ਗੀਤਾਂ ਦਾ ਹਿੱਸਾ ਵੀ ਬਣ ਚੁੱਕੇ ਹਨ।ਜਿਸ ਤਰ੍ਹਾਂ ਸਮਾਂ ਅਤੇ ਸਮੁੰਦਰ ਦੀਆਂ ਲਹਿਰਾਂ ਕਿਸੇ ਦਾ ਇੰਤਜ਼ਾਰ ਨਹੀਂ ਕਰਦੀਆਂ। ਉਸ ਪ੍ਰਕਾਰ ਜ਼ਿੰਦਗੀ ਦਾ ਇੱਕ ਰੰਗ ਲੰਘ ਜਾਣ ਬਾਅਦ ਮੁੜ ਉਸ ਦਾ ਆਉਣਾ ਮੁਸ਼ਿਕਲ ਹੀ ਨਹੀਂ ਸਗੋਂ ਅਸੰਭਵ ਹੈ। ਰੰਗਾਂ ਨੂੰ ਜ਼ਿੰਦਗੀ ਦਾ ਹਿੱਸਾ ਬਣਾ ਕੇ ਕਿਸੇ ਗਾਇਕ ਨੇ ਸੱਚ ਹੀ ਕਿਹਾ ਹੈ ਕਿ ਤਿੰਨ ਰੰਗ ਨਹੀਂ ਲੱਭਣੇ ਬੀਬਾ ਹੁਸਨ,ਜਵਾਨੀ ਤੇ ਮਾਪੇ।
ਵਿਆਹ ਸ਼ਾਦੀ ਹੋਵੇ ਜਾਂ ਜੰਗ ਦਾ ਮੈਦਾਨ ਰੰਗ ਹਰ ਜਗ੍ਹਾ ਮਨੁੱਖੀ ਜਾਮੇ ਦੇ ਨਾਲ ਨਾਲ ਚਲਦੇ ਹਨ।ਲਾਲ ਰੰਗ ਚਿਤਾਵਨੀ ਦੀ ਨਿਸ਼ਾਨੀ ਹੈ ਤਾਂ ਸਫ਼ੈਦ ਰੰਗ ਸ਼ਾਂਤੀ ਅਤੇ ਕੇਸਰੀ ਰੰਗ ਬਲੀਦਾਨ ਦਾ ਪ੍ਰਤੀਕ ਹੈ। ਮੇਲਿਆਂ ਅਤੇ ਤਿਓਹਾਰਾਂ ਦਾ ਦੇਸ਼ ਕਹੇ ਜਾਣ ਵਾਲੇ ਭਾਰਤ ਵਿੱਚ ਰੰਗਾਂ ਦਾ ਤਿਉਹਾਰ ਆਪਣੀ ਵੱਖਰੀ ਪਹਿਚਾਣ ਰੱਖਦਾ ਹੈ।ਰੰਗਾਂ ਦਾ ਤਿਉਹਾਰ ਹੋਲੀ ਰੰਗਾਂ ਦੇ ਨਾਲ ਨਾਲ ਪ੍ਰਭੂ ਭਗਤੀ ਵਿੱਚ ਵਿਸ਼ਵਾਸ,ਸੱਚਾਈ,ਅਡੋਲਤਾ ਅਤੇ ਜ਼ਬਰ ਜ਼ੁਲਮ ਦਾ ਸ਼ਾਂਤੀ ਨਾਲ ਸਾਹਮਣਾ ਕਰਨ ਦਾ ਸੁਨੇਹਾ ਦੇ ਕੇ ਸਮੁੱਚੀ ਮਨੁੱਖਤਾ ਨੂੰ ਇੱਕ ਮਾਲਾ ਵਿੱਚ ਪਿਰਾਉਂਦਾ ਹੋਇਆ ਜੋੜਨ ਦਾ ਯਤਨ ਕਰਦਾ ਹੈ। ਜ਼ਿੰਦਗੀ ਵਿਚ ਰੰਗ ਕੇਵਲ ਹੋਲੀ ਵਾਲੇ ਦਿਨ ਨਹੀਂ ਆਂਉਂਦੇ, ਇਹ ਤਾਂ ਤਮਾਮ ਜ਼ਿੰਦਗੀ ਮਨੁੱਖ ਦੇ ਨਾਲ ਨਾਲ ਚਲਦੇ ਹਨ। ਦੇਸ਼ ਦੇ ਵੱਖ ਵੱਖ ਖੇਤਰਾਂ ਵਿੱਚ ਹੋਲਿਕਾ ਦਹਨ,ਹੋਲੀ ਅਤੇ ਹੋਲਾ ਮਹੱਲਾ ਨੂੰ ਮਨਾਉਣ ਦਾ ਤਰੀਕਾ ਵੱਖ ਵੱਖ ਹੋ ਸਕਦਾ ਹੈ ਪਰੰਤੂ ਇਸ ਤਿਉਹਾਰ ਦਾ ਉਦੇਸ਼ ਦੇਸ਼ ਦੀ ਅਖੰਡਤਾ ਨੂੰ ਹੋਰ ਮਜ਼ਬੂਤ ਕਰਨਾ ਹੈ। ਸਮੇਂ ਦੇ ਬਦਲਾਅ ਨਾਲ ਹੋਲੀ ਦੇ ਤਿਉਹਾਰ ਨੂੰ ਮਨਾਉਣ ਵਿੱਚ ਵੀ ਬਦਲਾਅ ਆਇਆ ਹੈ।ਸਿਥੰਟੇਕਿ ਅਤੇ ਕੈਮੀਕਲ ਨਾਲ ਭਰਪੂਰ ਰੰਗਾਂ ਨੇ ਹੋਲੀ ਦੇ ਤਿਉਹਾਰ ਦੀਆਂ ਖੁਸ਼ੀਆਂ ਨੂੰ ਫ਼ਿੱਕਾ ਪਾਉਣ ਦਾ ਕੰਮ ਕੀਤਾ ਹੈ। ਬੱਚੇ ਤਾਂ ਅੱਜ ਵੀ ਜਿੱਦ ਕਰਦੇ ਹਨ ਕਿ ਉਹਨਾਂ ਨੂੰ ਰੰਗ ਚਾਹੀਦੇ ਹਨ, ਪਿਚਕਾਰੀਆਂ ਚਾਹੀਦੀਆਂ ਹਨ ਪ੍ਰੰਤੂ ਰੰਗਾਂ ਦੀ ਚੋਣ ਕਰਦੇ ਸਮੇਂ ਇਹ ਗੱਲ ਯਾਦ ਰੱਖਣਾ ਬਹੁਤ ਜ਼ਰੂਰੀ ਹੈ ਕਿ ਰੰਗ ਵਾਤਾਵਰਨ ਅਤੇ ਚਮੜੀ ਨੂੰ ਖ਼ਰਾਬ ਕਰਨ ਵਾਲੇ ਕਦੇ ਵੀ ਨਾ ਹੋਣ।ਅਸਾਨੀ ਨਾਲ ਪਾਣੀ ਨਾਲ ਲਹਿ ਜਾਣ। ਰੰਗਾਂ ਦੇ ਕਾਲੀ ਬਜ਼ਾਰੀ ਅਤੇ ਨਕਲੀ ਰੰਗਾਂ ਨੂੰ ਰੋਕਣ ਲਈ ਜਿਥੇ ਪ੍ਰਸ਼ਾਸਨ ਨੂੰ ਪੱਬਾਂ ਭਾਰ ਹੋ ਕੇ ਨਕੇਲ ਕੱਸਣੀ ਹੋਵੇਗੀ ਉਥੇ ਸਾਨੂੰ ਵੀ ਜਾਗਰੂਕ ਨਾਗਰਿਕ ਹੁੰਦੇ ਹੋਏ ਰੰਗਾਂ ਦੀ ਖ਼ਰੀਦਦਾਰੀ ਸੋਚ ਸਮਝ ਕੇ ਕਰਨੀ ਹੋਵੇਗੀ ਤਾਂ ਜ਼ੋ ਸਹੀ ਅਤੇ ਵਾਤਾਵਰਨ ਪੱਖੀ ਰੰਗ ਵਰਤ ਕੇ ਹੋਲ਼ੀ ਦੀਆਂ ਖੁਸ਼ੀਆਂ ਨੂੰ ਦੂੱਗਣਾ ਕੀਤਾ ਜਾ ਸਕੇ।